## ਆਦਿ ਗੁਰਏ ਨਮਹ ॥
## ਜੁਗਾਦਿ ਗੁਰਏ ਨਮਹ ॥
## ਸਤਿਗੁਰਏ ਨਮਹ ॥
## ਸ੍ਰੀ ਗੁਰਦੇਵਏ ਨਮਹ ॥੧॥

ਐ ਪ੍ਰਭੂ ! ਹੇ ਅਕਾਲ ਪੁਰਖ ਵਾਹਿਗੁਰੂ, ਸੰਸਾਰ ਦੇ ਹਰਤਾ, ਕਰਤਾ, ਧਰਤਾ ਜੀਓ ! ਹੇ ਸਰਵਸ਼ਕਤੀਮਾਨ ਆਪ ਧੰਨ ਹੋ ! ਕਿਉਂਕਿ ਆਪਣੀ ਨਿਰਾਕਾਰ ਮਹਿਮਾ ਵਿਚ ਸਥਿੱਤ ਰਹਿੰਦੇ ਹੋਏ, ਜੀਵਾਂ ਦੇ ਭਲੇ ਨਿਮਿੱਤ ਸਰਗੁਨ ਰੂਪ ਯਾਨੀ ਸਤਿਗੁਰਦੇਵ ਰੂਪ ਵੀ ਧਾਰਨ ਕਰ ਲੈਂਦੇ ਹੋ, ਕਿਉਂਕਿ ਆਪ ਦਾ ਸੁਭਾਵ ਦਯਾਲੂ ਕਿਰਪਾਲੂ ਹੈ, ਇਸ ਲਈ ਆਪ ਦੀ ਇਸ ਪਵਿੱਤ੍ਰ ਮਹਿਮਾ ਨੂੰ ਨਮਸ਼ਕਾਰ ਹੈ, ਬਾਰੰਬਾਰ ਨਮਸ਼ਕਾਰ ਹੈ, ਕਰੋੜਾਂ ਵਾਰ ਨਮਸ਼ਕਾਰ ਹੈ। ਆਪ ਜੀ ਦੇ ਮਾਇਆ ਰਚਿਤ ਸੰਸਾਰ ਰੂਪੀ ਜੰਗਲ ਵਿਚੋਂ ਆਪ ਦੀ ਕਿਰਪਾ ਨਾਲ ਕੁਛ ਸੁੰਦਰ ਖ਼ੁਸ਼ਬੂਦਾਰ ਫੁੱਲ ਇਕੱਤਰ ਕਰਕੇ ਇਕ ਛੋਟਾ ਜਿਹਾ ਗੁਲਦਸਤਾ ਗੁੰਦਿਆ, ਜੋ ਬੜੀ ਸ਼ਰਧਾ ਔਰ ਪ੍ਰੇਮ ਸਹਿਤ ਆਪ ਜੀ ਦੇ ਹੀ ਪਵਿੱਤ੍ਰ ਚਰਨਾਂ ਵਿਚ ਅਰਪਣ ਭੇਟਾ, ਕਿਓਂਕਿ :

"ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥
ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥"

ਹੇ ਪ੍ਰਭੂ ਤੇਰੀ ਵਸਤੂ ਤੇਰੇ ਹੀ ਅਰਪਨ !

ਹੇ ਪ੍ਰਭੂ ਆਖ਼ਿਰ ਆਪਦੇ ਪਵਿੱਤ੍ਰ ਚਰਨਾਰਬੰਦੋਂ ਮੇਂ ਬਹੁਤ ਅਧੀਨਗੀ ਸਹਿਤ ਪ੍ਰਾਰਥਨਾ ਹੈ, ਕਿ ਇਹ ਜੋ ਅਸੱਤ, ਜੜ੍ਹ, ਦੁੱਖ ਰੂਪ ਨਸ਼ਵਰ ਸੰਸਾਰ ਅਤੇ ਇਸ ਦਾ ਹੀ ਇਕ ਹਿੱਸਾ ਯਹ ਪੰਚਭੌਤਿਕ ਸ਼ਰੀਰ ਜੋ ਕਿ ਆਧੀਆਂ ਵਿਆਧੀਆਂ ਦਾ ਮਾਨੋ ਘਰ ਹੈ ਅਤੇ ਆਤਮਾ ਦੇ ਦੁਖਦਾਈ ਫੋੜਾ ਨਿਕਲਿਆ ਹੋਇਆ ਹੈ, ਔਰ ਹਉਂ ਰੂਪੀ ਪਸ ਨਾਲ ਭਰਿਆ ਹੋਇਆ ਇਹ ਕਦੀ ਸੁਖ ਦੀ ਨੀਂਦ ਨਹੀਂ ਸੋਣ ਦੇਂਦਾ, ਹੁਣ ਤਕ ਮੈਂ ਗਲਤੀ ਨਾਲ ਭੁੱਲ ਕਰਕੇ ਇਸ ਨੂੰ ਆਪਣਾ ਆਪ ਮੰਨ ਕੇ, ਬੜੇ ਲੰਮੇ ਸਮੇਂ ਤੋਂ ਜਨਮ ਮਰਨ ਆਦੀ ਅਤਿਅੰਤ ਦੁੱਖਾਂ ਦਾ ਸ਼ਿਕਾਰ ਹੁੰਦਾ ਰਹਿਆ ਜੀਓ !

ਅਜਿਹੇ ਦੁਖਦਾਈ ਸੰਸਾਰ ਅਤੇ ਸ਼ਰੀਰ ਵਿਚ ਭੁੱਲ ਕੇ, ਸੁਪਨੇ ਵਿਚ ਵੀ ਮੇਰੀ ਮਮਤਾ ਨਾ ਜਾਗੇ, ਇਸ ਸੰਸਾਰ ਵ ਸ਼ਰੀਰ ਰੂਪੀ ਸ੍ਵਾਂਗ ਕੋ ਸੰਕੋਚ ਕਰ, ਆਪ ਦਾ ਜੋ ਨਿਜ ਦੇਸ਼, ਨਿਰਾਕਾਰਤਾ ਦਾ ਮਹਾਨ ਸਮੰਦਰ, ਸੱਤਚਿਤ ਆਨੰਦ ਜਿਸ ਦਾ ਸਰੂਪ ਹੈ, ਪਰੀਪੂਰਨ ਔਰ ਵਿਆਪਕ ਹੈ ਔਰ ਕੇਵਲ ਕੇਵਲੀ ਆਪਣੀ ਮਹਿਮਾ ਵਿਚ ਹਮੇਸ਼ਾ ਸਥਿੱਤ ਰਹਿੰਦਾ ਹੈ, ਉਸ ਵਿਚ ਬੈਠਣ ਜੋਗੀ ਬਿਲਕੁਲ ਥੋੜੀ ਜਿਹੀ ਥਾਂ ਬਖਸ਼ ਕੇ ਹਮੇਸ਼ਾ ਲਈ ਇਸਥਿਤੀ ਬਖਸ਼ ਦੇਣੀ ਜੀਓ !

ਫਿਰ ਦੁਬਾਰਾ ਲੌਟ ਕਰ ਇਸ ਦੁਖਦਾਈ ਸ੍ਵਾਂਗ ਯਾਨੀ ਸੰਸਾਰ ਔਰ ਸ਼ਰੀਰ ਕੀ ਤਰਫ ਹਰਗਿਜ਼ ਹਰਗਿਜ਼ ਨਾ ਦੇਖੂੰ ਵਗੈਰਾਹ ਵਗੈਰਾਹ.....

ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾ ਦਾ ਕਹਣਾ ॥
ਤੁਧੁ ਬਿਨੁ ਰੋਗੁ ਰਜਾਈਯਾ ਦਾ ਓਢਣੁ ਨਾਗ ਨਿਵਾਸਾ ਦਾ ਰਹਣਾ ॥
ਸੂਲ ਸੁਰਾਹੀ ਖੰਜਰ ਪਿਯਾਲਾ ਬਿੰਗੁ ਕਸਾਈਯਾ ਦਾ ਸਹਣਾ ॥
ਯਾਰੜੇ ਦਾ ਸਾਨੂੰ ਸਥਰ ਚੰਗਾ ਭਠ ਖੇੜਿਆਂ ਦਾ ਰਹਣਾ ॥੧॥੧॥

ਯਥਾ

"ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ ॥"

ਬਸ ਅੰਤਿਮ ਯਹੀ ਪ੍ਰਾਰਥਨਾ ਹੈ ਆਪਕੇ ਚਰਨਾਰਬੰਦੋਂ ਮੇਂ,

ਹੇ ਪ੍ਰਭੂ !